# ਪੀਐੱਚ. ਡੀ ਪ੍ਰਵੇਸ਼ ਪ੍ਰੀਖਿਆ (2023-24)

## ਪੇਪਰ : ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਖੋਜ ਵਿਧੀ ਵਿਗਿਆਨ

**Ph. D Entrance Test (2023-24)**

**Paper: Punjabi Language, Literature, Culrure & Research Methodology**

Marks : 200
Duration : 2 Hours

1. ਮੱਧਕਾਲੀਨ ਪੰਜਾਬੀ ਸਾਹਿਤ ਦੀ ਖੋਜ ਦਾ ਆਧਾਰ ਹੈ :

(A) ਭਾਸ਼ਾਈ ਸਰੂਪ

(B) ਪ੍ਰਮਾਣਕ ਪਾਠ-ਸਮੱਗਰੀ

(C) ਬਹੁ-ਧਰਮ ਗਿਆਨ

(D) ਸਮਾਜ-ਸਭਿਆਚਾਰਕ ਪਰਿਪੇਖ

2. ਕਿਸ ਵਿਦਵਾਨ ਨੇ ਸਿੱਖ ਧਰਮ ਵਿਚ ਰੂਪਾਂਤਰਨ ਨੂੰ ਆਧਾਰ ਬਣਾਕੇ ਖੋਜ/ਅਧਿਐਨ ਕੀਤਾ :

(A) ਹਿਮਾਦਰੀ ਬੈਨਰਜੀ

(B) ਗੋਕਲ ਚੰਦ ਨਾਰੰਗ

(C) ਮਨਮੋਹਨ ਸਹਿਗਲ

(D) ਇੰਦੂ ਭੂਸ਼ਣ ਬੈਨਰਜੀ

3.ਪੰਜਾਬੀ ਨਾਵਲ ਸੰਬੰਧੀ ਖੋਜ ਅਤੇ ਅਧਿਐਨ ਕਿਸ ਅੰਤਰ-ਦ੍ਰਿਸ਼ਟੀ ਤੋਂ ਵਧੇਰੇ ਮੁੱਲਵਾਨ ਹੈ :

(A) ਚਿਹਨਾਤਮਕ ਤੇ ਪਾਠ ਮੂਲਕ

(B) ਰੂਪਾਤਮਕ ਤੇ ਬੁਣਤੀ-ਮੂਲਕ

(C) ਵਿਚਾਰਧਾਰਾਈ ਤੇ ਇਤਿਹਾਸ-ਮੂਲਕ

(D) ਸੰਰਚਨਾਤਮਕ ਤੇ ਬਣਤਰ-ਮੂਲਕ

4.ਪੰਜਾਬੀ ਵਿਚ ਖੋਜ-ਵਿਧੀ ਸੰਬੰਧੀ ਕਿਹੜਾ ਜੁੱਟ ਸਹੀ ਹੈ :

(A) ਖੋਜ ਵਿਧੀ ਅਤੇ ਸਾਹਿਤ-ਡਾ. ਕੇਸਰ ਸਿੰਘ ਕੇਸਰ

(B) ਪੰਜਾਬੀ ਖੋਜ-ਪ੍ਰਬੰਧ-ਡਾ. ਧਰਮ ਸਿੰਘ

(C) ਪੰਜਾਬੀ ਖੋਜ: ਸ੍ਰੋਤ ਤੇ ਸਰੂਪ-ਡਾ. ਬੂਟਾ ਸਿੰਘ ਬਰਾੜ

(D) ਖੋਜ ਵਿਧੀ : ਸਿਧਾਂਤ ਤੇ ਵਿਹਾਰ-ਡਾ. ਪਿਆਰ ਸਿੰਘ

5.ਆਧੁਨਿਕ ਪੰਜਾਬੀ ਸਾਹਿਤ ਅਧਿਐਨ ਖੇਤਰ ਦਾ ਪ੍ਰਮੁੱਖ ਖੋਜਕਾਰ ਹੈ :

(A) ਹਰਿਭਜਨ ਸਿੰਘ

(B) ਦੀਵਾਨ ਸਿੰਘ

(C) ਸੁਰਿੰਦਰ ਸਿੰਘ ਕੋਹਲੀ

(D) ਰਤਨ ਸਿੰਘ ਜੱਗੀ

6. ਖੋਜ-ਵਿਧੀ ਵਿਗਿਆਨ ਵਿਚ ਮਹੱਤਵਪੂਰਨ ਹੈ :

(A) ਖੋਜ-ਵਿਧੀ ਦੇ ਵਿਭਿੰਨ ਢੰਗ

(B) ਖੋਜ ਅਤੇ ਆਲੋਚਨਾ ਦਾ ਅੰਤਰ

(C)ਖੋਜ-ਵਿਧੀ ਅਤੇ ਸਟਾਈਲ ਸ਼ੀਟ

(D) ਖੋਜ-ਵਿਧੀ ਅਤੇ ਖੋਜ-ਕਰਤਾ

7. ਪੰਜਾਬੀ ਖੋਜਕਾਰਾਂ ਦਾ ਸਹੀ ਜੁੱਟ ਹੈ:

(A) ਗੋਪਾਲ ਸਿੰਘ ਦਰਦੀ, ਮੌਲਾ ਬਖ਼ਸ਼ ਕੁਸ਼ਤਾ, ਡਾ. ਤਾਰਨ ਸਿੰਘ

(B) ਹੀਰਾ ਸਿੰਘ ਦਰਦ, ਬਾਵਾ ਬੁੱਧ ਸਿੰਘ, ਡਾ. ਹਰਨਾਮ ਸਿੰਘ ਸ਼ਾਨ

(C) ਮੋਹਨ ਸਿੰਘ ਦੀਵਾਨਾ, ਸ਼ਮਸ਼ੇਰ ਸਿੰਘ ਅਸ਼ੋਕ, ਬਾਵਾ ਬੁੱਧ ਸਿੰਘ

(D) ਰਤਨ ਸਿੰਘ ਜੱਗੀ, ਪ੍ਰੇਮ ਪ੍ਰਕਾਸ਼ ਸਿੰਘ, ਜੀ.ਬੀ. ਸਿੰਘ

8. ਮੱਧਕਾਲੀ ਪੰਜਾਬੀ ਸਾਹਿਤ ਦੀ ਮੁੱਖ ਖੋਜ ਸਮੱਸਿਆ ਹੈ :

(A) ਪ੍ਰਮਾਣਿਕ ਤੇ ਮਿਆਰੀ ਪਾਠ ਦਾ ਉਪਲਬਧ ਨਾ ਹੋਣਾ

(B) ਫ਼ਾਰਸੀ, ਸੰਸਕ੍ਰਿਤ ਭਾਸ਼ਾ ਦੀ ਅਗਿਆਨਤਾ

(C) ਸਮਾਜਕ ਵਿਗਿਆਨਾਂ ਦਾ ਅਗਿਆਨ

(D) ਸਭਿਆਚਾਰਕ ਪਛੜੇਵਾਂ

9. ਖੋਜ ਪ੍ਰਬੰਧ ਵਿਚ ਰੂਪ ਰੇਖਾ ਦੀ ਲੋੜ ਹੁੰਦੀ ਹੈ :

(A) ਖੋਜ ਵਿਸ਼ੇ ਉੱਤੇ ਕਿਸੇ ਬੱਝਵੀਂ ਲੜੀ ਵਿਚ ਕੰਮ ਕੀਤਾ ਜਾ ਸਕੇ

(B) ਖੋਜ ਦੌਰਾਨ ਸਾਰਾ ਜ਼ੋਰ ਸਾਮੱਗਰੀ ਨੂੰ ਜੋੜਨ, ਢਾਹੁਣ ਤੇ ਮੁੜ ਜੋੜਨ 'ਤੇ ਨਾ ਲਗਾ ਰਹੇ

(C) ਖੋਜ ਨਿਸ਼ਚਿਤ ਤਰਤੀਬ ਵਿਚ ਚੈਪਟਰਵਾਈਜ਼ ਹੁੰਦੀ ਰਹੇ

(D) ਉਪਰੋਕਤ ਤਿੰਨਾ ਕਰਕੇ ਹੀ

10. ਸੂਚਨਾ ਨੋਟ ਇਕੱਤਰ ਕਰਦੇ ਸਮੇਂ ਪ੍ਰਮੁੱਖ ਹੁੰਦਾ ਹੈ :

(A) ਟੂਕ ਹੂ-ਬ-ਹੂ ਹੋਵੇ

(B) ਟੂਕ ਦਾ ਭਾਵ ਹੀ ਨੋਟ ਕੀਤਾ ਹੋਵੇ

(C) ਟੂਕ ਨੂੰ ਸੰਖੇਪ ਕਰਕੇ ਉਤਾਰਿਆ ਜਾਵੇ

(D) ਟੂਕ ਆਪਣੀ ਭਾਸ਼ਾ ਵਿਚ ਬਿਆਨ ਕੀਤੀ ਜਾਵੇ।

11. ਖੋਜ ਪ੍ਰਬੰਧ ਦੀ ਪੁਸਤਕ ਸੂਚੀ ਦਾ ਆਧਾਰ ਹੁੰਦਾ ਹੈ :

(A) ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਦਾ ਬਿਓਰਾ

(B) ਖੋਜ-ਪ੍ਰਬੰਧ ਲਿਖੇ ਜਾਣ ਦੌਰਾਨ ਵੇਖੀਆਂ ਵਰਤੀਆਂ ਰਚਨਾਵਾਂ

(C) ਜਿਨ੍ਹਾਂ ਪੁਸਤਕਾਂ ਦੇ ਖੋਜ-ਪ੍ਰਬੰਧ ਵਿਚ ਹਵਾਲੇ ਦਿੱਤੇ ਗਏ ਹਨ

(D) ਵੇਖੀਆਂ/ਵਰਤੀਆਂ ਤੋਂ ਇਲਾਵਾ ਸੁਣੀਆਂ/ਸੁਣਾਈਆਂ ਰਚਨਾਵਾਂ ਵੀ

12. ਮੁਖਬੰਦ ਜੋ ਖੋਜ-ਪ੍ਰਬੰਧ ਦੇ ਮੁੱਢ ਵਿਚ ਲਗਿਆ ਹੁੰਦਾ ਹੈ, ਲਿਖਿਆ ਜਾਂਦਾ ਹੈ :

(A) ਲਿਖੇ ਜਾਣ ਦੌਰਾਨ

(B) ਕਿਸੇ ਵੀ ਸਮੇਂ

(C) ਖੋਜ ਪ੍ਰਬੰਧ ਲਿਖੇ ਜਾਣ ਤੋਂ ਪਹਿਲਾਂ

(D) ਖੋਜ ਕਾਰਜ ਮੁਕੰਮਲ ਕਰਨ ਪਿੱਛੋਂ

13. ਖੋਜ ਪ੍ਰਬੰਧ ਦੀ ਭਾਸ਼ਾ ਹੋਣੀ ਚਾਹੀਦੀ ਹੈ :

(A) ਅਲੰਕ੍ਰਿਤ

(B) ਜਜ਼ਬਾਤੀ

(C) ਗੁੰਝਲਦਾਰ

(D) ਨਿਆਂਕਾਰੀ

14.ਅਨੁਸ਼ੀਲਨ ਤੇ ਪਰੀਸ਼ੀਲਨ ਦਾ ਸੰਬੰਧ ਕਿਸ ਨਾਲ ਹੈ :

(A) ਮੁਲਾਂਕਣ ਨਾਲ

(B) ਸਾਹਿਤ ਨਾਲ

(C) ਸ਼ੋਧ ਨਾਲ

(D) ਚਿੱਤਰਕਾਰੀ ਨਾਲ

15.  ਲੋਕਯਾਨਕ ਸਾਮਗ੍ਰੀ ਇਕੱਤਰ ਕਰਨ ਲਈ ਕਿਹੜਾ ਜੁੱਟ ਵਧੇਰੇ ਪ੍ਰਮਾਣਕ ਹੈ :

(A) ਖੋਜ ਕਰਤਾ, ਵਧੀਆ ਸੰਦ ਅਤੇ ਸੂਚਕ

(B) ਖੋਜ ਕਰਤਾ, ਸੰਦ ਅਤੇ ਉਚਿਤ ਸੂਚਕ

(C) ਨਿਪੁੰਨ ਖੋਜ ਕਰਤਾ, ਸੰਦ ਅਤੇ ਪ੍ਰਸ਼ਨਾਵਲੀ

(D) ਖੋਜ ਕਰਤਾ, ਸੰਦ ਅਤੇ ਸੂਚਕ ਦਾ ਸੁਮੇਲ

16. ‘ਲੋਕ ਵਾਰਾਂ’ ਦਾ ਸੰਪਾਦਕ ਕੌਣ ਹੈ :

(A) ਪਿਆਰਾ ਸਿੰਘ ਪਦਮ

(B) ਅਹਿਮਦ ਸਲੀਮ

(C) ਸ਼ਮਸ਼ੇਰ ਸਿੰਘ ਅਸ਼ੋਕ

(D) ਇਸਹਾਕ ਮੁਹੰਮਦ

17. ‘ਕਿੱਸਾਕਾਰ ਹਾਸ਼ਮ' ਪੁਸਤਕ ਦਾ ਰਚੇਤਾ ਹੈ :

(A) ਪਿਆਰਾ ਸਿੰਘ ਪਦਮ

(B) ਗੁਰਦੇਵ ਸਿੰਘ

(C) ਸੁਰਿੰਦਰਪਾਲ ਸਿੰਘ ਮੰਡ

(D) ਸ਼ਮਸ਼ੇਰ ਸਿੰਘ ਅਸ਼ੋਕ

18. ਭਾਈ ਗੁਰਦਾਸ ਜੀ ਦੀ ਕਿਹੜੀ ਵਾਰ ਵਿਚ ਮੁੱਖ ਤੌਰ 'ਤੇ ਪੌਰਾਣਿਕ ਅਵਤਾਰਾਂ ਦਾ ਵਰਣਨ ਮਿਲਦਾ ਹੈ:

(A) ਪਹਿਲੀ

(B) ਬਾਰਵੀਂ

(C) ਗਿਆਰਵੀਂ

(D) ਦੂਜੀ

19. ‘ਹੀਰ’ ਦਾ ਕਿੱਸਾ ਕਿਸ ਨੇ ਕਲੀਆਂ ਵਿਚ ਲਿਖਿਆ :

(A) ਵਾਰਿਸ ਸ਼ਾਹ

(B) ਭਗਵਾਨ ਸਿੰਘ

(C) ਅਹਿਮਦਯਾਰ

(D) ਸੂਬਾ ਸਿੰਘ

20.ਪੰਜਾਬੀ ਦਾ ਪਹਿਲਾ ਜੰਗਨਾਮਾ ਹੈ :

(A) ਜੰਗਨਾਮਾ ਇਮਾਮ ਹੁਸੈਨ (ਹਾਫਿਜ਼ ਬਰਖੁਰਦਾਰ)

(B) ਜੰਗਨਾਮਾ ਇਮਾਮ ਹੁਸੈਨ (ਪੀਰ ਕਾਸਬੀ)

(C) ਜੰਗਨਾਮਾ (ਮੁਕਬਲ)

(D) ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ (ਸ਼ਾਹ ਮੁਹੰਮਦ)

21. ਜੰਗਨਾਮਾ ਲੇਖਕਾਂ ਦੀ ਸਹੀ ਤਰਤੀਬ ਹੈ :

(A) ਸ਼ਾਹ ਮੁਹੰਮਦ, ਮਟਕ, ਹਾਮਿਦ ਸ਼ਾਹ ਅੱਬਾਸੀ, ਕਵੀ ਨਿਹਾਲ ਸਿੰਘ

(B) ਕਾਨ੍ਹ ਸਿੰਘ ਬੰਗਾ ਵਾਲਾ, ਅਹਿਮਦ ਯਾਰ, ਸ਼ਾਹ ਮੁਹੰਮਦ, ਕਾਦਰਯਾਰ

(C) ਪੀਰ ਮੁਹੰਮਦ ਕਾਸਬੀ, ਹਾਫ਼ਿਜ਼ ਬਰਖ਼ੁਰਦਾਰ, ਸ਼ਾਹ ਮੁਹੰਮਦ, ਮੁਹੰਮਦ ਬਖ਼ਸ਼

(D) ਮਟਕ, ਸ਼ਾਹ ਮੁਹੰਮਦ, ਮੁਕਬਲ, ਰਾਮ ਦਿਆਲ ਅਣਦ

22. ਗੁਰੂ ਰਾਮਦਾਸ ਜੀ ਦੀ 'ਕਾਨੜੇ ਦੀ ਵਾਰ' ਨੂੰ ਕਿਸ ਲੋਕ-ਵਾਰ ਦੀ ਧੁਨੀ ਉੱਤੇ ਗਾਉਣ ਦਾ ਆਦੇਸ਼ ਹੈ :

(A) ਹਸਨੇ ਮਹਿਮੇ ਦੀ ਵਾਰ

(B) ਮੂਸੇ ਦੀ ਵਾਰ

(C) ਲੱਲਾ ਬਹਿਲੀਮਾ ਦੀ ਵਾਰ

(D) ਟੁੰਡੇ ਅਸਰਾਜੇ ਦੀ ਵਾਰ

23. ਨਰਿੰਦਰਪਾਲ ਸਿੰਘ ਦੇ ਨਾਵਲੀ ਵਿਵੇਕ ਦਾ ਖ਼ਾਸ ਗੁਣ ਹੈ :

(A) ਇਤਿਹਾਸ ਅਤੇ ਰੁਮਾਂਸ ਦਾ ਸੁਮੇਲ

(B) ਇਤਿਹਾਸ ਅਤੇ ਪ੍ਰਗਤੀ ਦਾ ਸੁਮੇਲ

(C) ਇਤਿਹਾਸ ਅਤੇ ਕਲਪਣਾ ਦਾ ਸੁਮੇਲ

(D) ਯਥਾਰਥਕ ਇਤਿਹਾਸ ਦੀ ਪੇਸ਼ਕਾਰੀ

24. ਨਾਵਲ ਦੀ ਖ਼ੁਦਮੁਖ਼ਤਾਰ ਹੋਂਦ-ਵਿਧੀ ਦੇ ਸਿੱਧਾਂਤ ਦਾ ਸਹੀ ਆਧਾਰ ਹੈ

(A) ਨਾਵਲ ਵਸਤੂ-ਯਥਾਰਥ ਦੀ ਬਹੁ ਸੰਦਰਭੀ ਬਣਤ

(B) ਕਥਾ ਦੇ ਬਿਰਤਾਂਤਕ ਪਾਸਾਰਾਂ ਦਾ ਸੰਗਠਨ

(C) ਨਾਵਲ ਸਮਾਜਕ ਯਥਾਰਥ ਦਾ ਪ੍ਰਸੰਗਾਰਥੀ ਪਾਸਾਰ

(D) ਨਾਵਲ ਬਿਰਤਾਂਤ ਤੇ ਇਤਿਹਾਸ ਦਾ ਸੰਜਮ

25. ਜੋਗਿੰਦਰ ਸਿੰਘ ਰਾਹੀ ਦੇ ਵਿਚਾਰ ਅਨੁਸਾਰ ਪੰਜਾਬੀ ਨਾਵਲ ਦੇ ਮੋਢੀ ਆਧਾਰ-ਤੱਤ ਹਨ :

(A) ਅੰਗਰੇਜ਼ੀ ਰਾਜ ਦੀ ਸਥਾਪਨਾ, ਛਾਪਾਖ਼ਾਨਾ ਅਤੇ ਵਿਦਿਆ ਦਾ ਪਾਸਾਰ

(B) ਨਵੀਂ ਵਿਦਿਆ ਦਾ ਪਾਸਾਰ, ਪੰਜਾਬੀ ਬਿਰਤਾਂਤ-ਪਰੰਪਰਾ ਅਤੇ ਸਮਕਾਲੀ ਸਿਆਸੀ ਪਰਿਸਥਿਤੀਆਂ

(C) ਅੰਗਰੇਜ਼ੀ ਰਾਜ, ਛਾਪਾਖ਼ਾਨਾ ਅਤੇ ਸਮਕਾਲੀ ਪਰਿਸਥਿਤੀਆਂ

(D) ਅੰਗਰੇਜ਼ੀ ਨਾਵਲ, ਨਵੀਂ ਵਿਦਿਆ ਦਾ ਪਾਸਾਰ ਅਤੇ ਛਾਪਾਖ਼ਾਨਾ

26. ਪੰਜਾਬੀ ਦਾ ਪਹਿਲਾ ਮੌਲਿਕ ਕਹਾਣੀ-ਸੰਗ੍ਰਹਿ ਹੈ :

(A) ਆਨੰਦ ਪ੍ਰਵਾਹ (ਫ਼ਤੇ ਸਿੰਘ)

(B) ਹੱਸਦੇ ਹੰਝੂ (ਚਰਨ ਸਿੰਘ ਸ਼ਹੀਦ)

(C) ਪੰਜਾਬੀ ਸੱਧਰਾਂ (ਗਿਆਨੀ ਹੀਰਾ ਸਿੰਘ ਦਰਦ)

(D) ਨਿੱਕੀਆਂ ਕਹਾਣੀਆਂ (ਜੋਸ਼ੂਆ ਫ਼ਜ਼ਲਦੀਨ)

27. ਪੰਜਾਬੀ ਨਾਵਲ ਦੇ ਉੱਤਰ-ਯਥਾਰਥੀ ਕਾਲ ਦੇ ਪਛਾਣ-ਬਿੰਦੂ ਹਨ

(A) ਵਿਸ਼ੇਗਤ ਰਚਨਾ-ਦ੍ਰਿਸ਼ਟੀ ਅਤੇ ਰੂਪਾਕਾਰਕ ਜੁਗਤਾਂ ਦੀ ਵੰਨ-ਸੁਵੰਨਤਾ

(B) ਸਮਾਜਕ ਅਤੇ ਯਥਾਰਥਵਾਦੀ ਨਾਵਲ-ਪਰੰਪਰਾ ਦਾ ਵਿਸਥਾਰ

(C) ਦਲਿਤ ਅਤੇ ਨਾਰੀਵਾਦੀ ਯਥਾਰਥ ਦੀ ਪੇਸ਼ਕਾਰੀ

(D) ਖੇਤਰੀ ਅਤੇ ਆਂਚਲਿਕ ਨਾਵਲਾਂ ਦੀ ਪ੍ਰਵਿਰਤੀ

28. ਅਧਿਐਨ ਵਿਧੀ ਦੀ ਦ੍ਰਿਸ਼ਟੀ ਤੋਂ ਕਿਹੜਾ ਜੁੱਟ ਸਹੀ ਹੈ :

(A) ਸ.ਸ. ਦੁਸਾਂਝ, ਪੰਜਾਬੀ ਇਤਿਹਾਸਕ ਨਾਵਲ, ਵਿਹਾਰਕ ਅਧਿਐਨ

(B) ਜਸਬੀਰ ਜੈਨ, ਆਧੁਨਿਕਤਾ ਦੇ ਸੰਦਰਭ—ਭਾਰਤੀ ਨਾਵਲ, ਚਿੰਨ੍ਹ ਵਿਗਿਆਨ

(C) ਟੀ.ਆਰ. ਵਿਨੋਦ, ਪੰਜ ਨਾਵਲ, ਮਾਰਕਸਵਾਦੀ

(D) ਕਿਸ਼ਨ ਸਿੰਘ, ਗੁਰਦਿਆਲ ਸਿੰਘ ਦੀ ਨਾਵਲ ਚੇਤਨਾ, ਸਮਾਜ-ਸ਼ਾਸਤਰ

29. 'ਪਾਤਰ-ਵਿਪਾਤਰ' ਨਾਵਲ ਦਾ ਲੇਖਕ ਹੈ।

(A) ਸੁਰਜੀਤ ਸਿੰਘ ਸੇਠੀ

(B) ਮਹਿੰਦਰ ਸਿੰਘ ਸਰਨਾ

(C) ਸੋਹਣ ਸਿੰਘ ਸੀਤਲ

(D) ਸ. ਸੋਜ਼

30.ਔਰਤ ਲੇਖਕ ਦੁਆਰਾ ਰਚਿਤ ਨਾਵਲ ਹੈ :

(A) ਜਲ ਬਿਨੁ ਕੁੰਭ

(B) ਪਰਤਾਪੀ

(C) ਤੋਸ਼ਾਲੀ ਦੀ ਹੰਸੋ

(D) ਕਾਗਤਾਂ ਦੀ ਬੇੜੀ

31. ਇਨ੍ਹਾਂ ਵਿਚੋਂ ਕਿਹੜੀ ਵਾਰਤਕ ਰਚਨਾ ਦਾ ਸੰਬੰਧ ਪੂਰਵ ਨਾਨਕ ਕਾਲ ਨਾਲ ਨਹੀਂ ਹੈ

(A) ਏਕਾਦਸ਼ੀ ਮਹਾਤਮ

(B) ਫ਼ਰੀਦ ਦਾ ਪੱਧਤੀਨਾਮਾ

(C) ਹੁਕਮ ਨਾਮਾ

(D) ਉਪਨਿਸ਼ਦ

32. ਗਿਆਨ ਰਤਨਾਵਾਵਲੀ ਭਾਈ ਗੁਰਦਾਸ ਦੀ ਕਿਸ ਵਾਰ ਤੇ ਅਧਾਰਿਤ ਹੈ

(A) ਪਹਿਲੀ

(B) ਦਸਵੀਂ

(C) ਗਿਆਰਵੀਂ

(D) ਬਾਹਰਵੀਂ

33. ਇਨ੍ਹਾਂ ਵਿਚੋਂ ਕੌਣ ਪੁਰਾਤਨ ਜਨਮ ਸਾਖੀ ਦਾ ਲੇਖਕ ਹੈ

(A) ਭਾਈ ਵੀਰ ਸਿੰਘ

(B) ਤਰਲੋਚਨ ਸਿੰਘ ਬੇਦੀ

(C) ਮੋਹਨ ਸਿੰਘ ਵੈਦ

(D) ਇਨ੍ਹਾਂ ਵਿੱਚੋਂ ਕੋਈ ਨਹੀਂ

34. ਹੇਠ ਲਿਖਿਆਂ ਵਿਚੋਂ ਕਿਹੜੀ ਰਚਨਾ ਵਾਰਤਕ ਨਾਲ ਸੰਬੰਧਿਤ ਹੈ

(A) ਖੁਲ੍ਹੇ ਅਸਮਾਨੀ ਰੰਗ

(B) ਖੁਲ੍ਹੇ ਮੈਦਾਨ

(C) ਖੁਲ੍ਹੇ ਲੇਖ

(D) ਖੁਲ੍ਹੇ ਘੁੰਡ

35. ਹੇਠਾਂ ਲਿਖਿਆਂ ਵਿਚੋਂ ਕਿਹੜਾ ਸਫ਼ਰਨਾਮਾ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਮੰਨਿਆ ਜਾਂਦਾ ਹੈ

(A) ਮੌਤ ਰਾਣੀ ਦਾ ਘੁੰਡ

(B) ਮੇਰਾ ਵਿਲਾਇਤੀ ਸਫ਼ਰਨਾਮਾ

(C) ਮੇਰਾ ਰੂਸੀ ਸਫ਼ਰਨਾਮਾ

(D) ਮੇਰਾ ਪਾਕਿਸਤਾਨੀ ਸਫ਼ਰਨਾਮਾ

36. ਗੁਰਬਾਣੀ ਦੇ ਭਾਵਾਂ ਨੂੰ ਸਰਲ ਅਰਥਾਂ ਵਿਚ ਸਮਝਣ ਸਮਝਾਉਣ 'ਚ ਕਿਹੜਾ ਵਾਰਤਕ ਰੂਪ ਸਹਾਇਕ ਸਿੱਧ ਹੁੰਦਾ ਹੈ

(A) ਜਨਮ ਸਾਖੀ

(B) ਗੋਸਟਾਂ

(C) ਟੀਕੇ

(D) ਹੁਕਮ ਨਾਮੇ

37. ਗੋਸਟਾਂ ਦੀ ਸ਼ੈਲੀ ਕਿਸ ਤਰ੍ਹਾਂ ਦੀ ਹੁੰਦੀ ਹੈ

(A) ਪ੍ਰੈਸ਼ਨੋਤਰੀ

(B) ਕਾਵਿਕ

(C) ਸੰਗਲੀਵਤ

(D) ਸੰਗੀਤਕ

38. ਪੱਛਮੀ ਕਾਵਿ ਸ਼ਾਸਤਰ ਦੇ ਮੋਢੀ ਹਨ

(A) ਅਰਸਤੂ ਅਤੇ ਪਲੈਟੋ

(B) ਸਸਿਊਰ ਅਤੇ ਦੈਰੀਦਾ

(C) ਰੌਲਾ ਬਾਰਥ ਤੇ ਕਾਲਰੀਜ਼

(D) ਜੇ ਸੀ ਰੈਮਸਨ ਅਤੇ ਸ਼ੁਕਲੋਵਸਕੀ

39. ਅਨੁਕਰਨ ਸਿਧਾਂਤ ਦਾ ਸੰਸਥਾਪਕ ਕੌਣ ਹੈ

(A) ਪਲੈਟੋ

(B) ਅਰਸਤੂ

(C) ਸਾਸਿਓਰ

(D) ਰੌਲਾ ਬਾਰਥ

40. ਉੱਦਾਤ ਦਾ ਸੰਕਲਪ ਕਿਸ ਨੇ ਦਿੱਤਾ

(A) ਬਾਖ਼ਤਿਨ

(B) ਸਸਿਊਰ

(C) ਰੌਲਾ ਬਾਰਥ

(D) ਲੌਂਜਾਈਨਸ

41. ਪ੍ਰਾਚੀਨ ਭਾਰਤੀ ਆਲੋਚਨਾ ਦਾ ਨਾਂ ਕੀ ਸੀ

(A) ਖੋਜ ਸ਼ਾਸਤਰ

(B) ਅਲੰਕਾਰ ਸ਼ਾਸਤਰ

(C) ਅਨੁਸੰਧਾਨ

(D) ਵਾਦ ਵਿਵਾਦ

42. ਵਕ੍ਰੋਕਤੀ ਸੰਪਰਦਾਇ ਦਾ ਜਨਮਦਾਤਾ ਹੈ

(A) ਵਾਮਨ

(B) ਕੁੰਤਕ

(C) ਭਾਮਹ

(D) ਕਸ਼ੇਮੇਂਦਰ

43. ਧਵਨਯਲੋਕ ਪੁਸਤਕ ਦਾ ਕਰਤਾ ਕੌਣ ਹੈ

(A) ਭਰਤ ਮੁਨੀ

(B) ਭਾਮਹ

(C) ਆਨੰਦ ਵਰਧਨ

(D) ਕੋਈ ਨਹੀਂ

44. ਕਿਹੜਾ ਜੁੱਟ ਰਸ ਸਿਧਾਂਤ ਨਾਲ ਸੰਬੰਧਿਤ ਹੈ

(A) ਭਾਵ , ਵਿਭਾਵ, ਅਨੁਭਾਵ

(B) ਅਭਿਧਾ, ਲਕਸ਼ਣਾ, ਵਿਅੰਜਨਾ

(C) ਸ਼ਬਦ, ਅਰਥ , ਸ਼ਬਦਾਰਥ

(D) ਇਨ੍ਹਾਂ ਵਿਚੋਂ ਕੋਈ ਨਹੀਂ

45. ਗੁਰੂ ਗ੍ਰੰਥ ਸਾਹਿਬ ਦੀ ਕਿਹੜੀ ਬਾਣੀ ਰਾਗ ਵਿੱਚ ਨਹੀਂ ਹੈ?

(A) ਕੁਚੱਜੀ

(B) ਸੁਚੱਜੀ

(C) ਰਾਗਮਾਲਾ

(D) ਕਰਹਲੇ

46. ਕਿਸ ਗੁਰੂ ਨੇ ਵਾਰ ਬਾਣੀ ਰੂਪ ਵਿੱਚ ਰਚਨਾ ਨਹੀਂ ਕੀਤੀ?

(A) ਸ੍ਰੀ ਗੁਰੂ ਰਾਮਦਾਸ ਜੀ

(B) ਸ੍ਰੀ ਗੁਰੂ ਅਮਰਦਾਸ ਜੀ

(C) ਸ੍ਰੀ ਗੁਰੂ ਅੰਗਦ ਦੇਵ ਜੀ

(D) ਸ੍ਰੀ ਗੁਰੂ ਅਰਜਨ ਦੇਵ ਜੀ

47. ਕਿਸ ਗੁਰੂ ਦੇ ਸਿਮਰਨ ਨਾਲ ਨਉ ਨਿਧ ਦੀ ਪ੍ਰਾਪਤੀ ਦੱਸੀ ਗਈ ਹੈ?

(A). ਸ੍ਰੀ ਗੁਰੂ ਰਾਮਦਾਸ ਜੀ

(B) ਸ੍ਰੀ ਗੁਰੂ ਤੇਗ ਬਹਾਦਰ ਜੀ

(C) ਸ੍ਰੀ ਗੁਰੂ ਅੰਗਦ ਦੇਵ ਜੀ

(D) ਸ੍ਰੀ ਗੁਰੂ ਅਰਜਨ ਦੇਵ ਜੀ

48. ਕਿਸ ਸੂਫ਼ੀ ਕਵੀ ਉਪਰ ਅਦਵੈਤਵਾਦ ਦਾ ਵਧੇਰੇ ਅਸਰ ਪਿਆ

(A) ਗੁਲਾਮ ਫਰੀਦ

(B) ਬੁੱਲ੍ਹੇ ਸ਼ਾਹ

(C) ਸ਼ਾਹ ਹੁਸੈਨ

(D) ਸੁਲਤਾਨ ਬਾਹੂ

49. ਬਾਬਾ ਫ਼ਰੀਦ ਨੂੰ ਪਹਿਲੇ ਪੜਾਅ ਦਾ ਸੂਫ਼ੀ ਕਵੀ ਕਿਸਨੇ ਕਿਹਾ?

(A) ਕਾਲਾ ਸਿੰਘ ਬੇਦੀ

(B) ਦੀਵਾਨ ਸਿੰਘ

(C) ਪ੍ਰੀਤਮ ਸਿੰਘ

(D) ਗੁਲਵੰਤ ਸਿੰਘ

50. ਪੰਜਾਬੀ ਸੂਫ਼ੀ ਕਵਿਤਾ ਦੇ ਮੁੱਖ ਕਾਵਿ ਰੂਪ ਹਨ?

(A) ਕਾਫ਼ੀ, ਕਿੱਸਾ, ਸੀਹਰਫ਼ੀ, ਡਿਓਢ

(B) ਕਾਫ਼ੀ, ਗੰਢ, ਸੀਹਰਫ਼ੀ, ਡਿਓਢ

(C) ਸਤਵਾਰਾ, ਬਾਰਾਮਾਹ, ਗਜ਼ਲ, ਰੁਬਾਈ

(D) ਪ੍ਰਗੀਤ, ਕਿੱਸਾ, ਸੀਹਰਫ਼ੀ, ਡਿਓਢ

51. ਪੰਜਾਬੀ ਨਾਟਕ ਵਿੱਚ ਲੋਕ ਨਾਟ ਵਿਧੀਆਂ ਨੂੰ ਅਪਨਾਉਣ ਵਾਲਾ ਨਾਟਕਕਾਰ ਹੈ?

(A) ਬਲਵੰਤ ਗਾਰਗੀ

(B) ਕਪੂਰ ਸਿੰਘ ਘੁੰਮਣ

(C) ਹਰਚਰਨ ਸਿੰਘ

(D) ਆਤਮਜੀਤ

52. ਕਿਹੜਾ ਨਾਟਕ ਸਿੱਖ ਇਤਿਹਾਸ ਨਾਲ ਸੰਬੰਧਿਤ ਨਹੀਂ ਹੈ?

(A) ਹਿੰਦ ਦੀ ਚਾਦਰ

(B) ਮਿਤਰ ਪਿਆਰਾ

(C) ਚੜਦਾ ਰੂਪ ਸਵਾਇਆ

(D) ਵਿਸਮਾਦ ਨਾਦ

53. ਪੰਜਾਬੀ ਨਾਟਕ ਦਾ ਆਰੰਭ ਕਿਸ ਦੌਰ ਵਿੱਚ ਹੋਇਆ?

(A) ਰਣਜੀਤ ਸਿੰਘ ਕਾਲ

(B) ਮੁੱਢਲਾ ਅੰਗਰੇਜ਼ੀ ਸ਼ਾਸਨ ਕਾਲ

(C) ਸੁਤੰਤਰਤਾ ਸੰਗਰਾਮ ਕਾਲ

(D) ਸੁਤੰਤਰਤਾ ਕਾਲ

54. ‘ਪੱਤਣ ਦੀ ਬੇੜੀ’ ਇਕਾਂਗੀ ਦਾ ਮੁੱਖ ਥੀਮ ਹੈ:

(A) ਉਤੇਜਿਤ ਕਾਮ ਭਾਵਨਾਵਾਂ

(B) ਪ੍ਰੇਮ ਸੰਬੰਧਾਂ ਦੀ ਤਿਕੋਣ

(C) ਵਿਚਲਿਤ ਕਾਮ ਭਾਵਨਾਵਾਂ

(D) ਔਰਤ ਦੀਆਂ ਦਮਿਤ ਭਾਵਨਾਵਾਂ

55. ਮੁੱਢਲੇ ਪੰਜਾਬੀ ਨਾਟਕ ਦੇ ਸਰੋਕਾਰ ਸਨ:

(A) ਅਣਜੋੜ ਵਿਆਹ, ਵਿਧਵਾ ਵਿਆਹ, ਵਹਿਮ ਭਰਮ

(B) ਦਾਜ, ਅਨਪੜ੍ਹਤਾ, ਗਰੀਬੀ

(C) ਇਤਿਹਾਸ, ਸਮਾਜ, ਸੱਭਿਆਚਾਰ

(D) ਔਰਤ ਦੀ ਸਥਿਤੀ, ਸਭਿਆਚਾਰਕ ਕੀਮਤਾਂ, ਰੁਮਾਂਸ

56. ਇਕਾਂਗੀ ਦੀ ਰਚਨਾ-ਪ੍ਰਕਿਰਿਆ ਵਿੱਚ ਕਿਸ ਏਕਤਾ ਨੂੰ ਵਧੇਰੇ ਲਾਜ਼ਮੀ ਮੰਨਿਆ ਗਿਆ ਹੈ?

(A) ਪ੍ਰਭਾਵ ਦੀ

(B) ਸਥਾਨ ਦੀ

(C) ਸਮੇਂ ਦੀ

(D) ਕਾਰਜ ਦੀ

57. ਸੰਤ ਸਿੰਘ ਸੇਖੋਂ ਨਾਲ ਪੰਜਾਬੀ ਵਿੱਚ ਕਿਸ ਆਲੋਚਨਾ ਪ੍ਰਣਾਲੀ ਦਾ ਮੁੱਢ ਬੱਝਦਾ ਹੈ?

(A) ਸੰਰਚਨਾਵਾਦੀ

(B) ਚਿਹਨ ਵਿਗਿਆਨਕ

(C) ਮਨੋਵਿਸ਼ਲੇਸ਼ਣਾਤਮਕ

(D) ਮਾਰਕਸਵਾਦੀ

58. STRUCTURAL ANTHROPOLOGY ਪੁਸਤਕ ਦਾ ਰਚਨਾਕਾਰ ਕੌਣ ਹੈ?

(A) F. MAX MULLER

(B) CLAUDE LEVI-STRAUSES

(C) EDWARD SAID

(D) EDMOND LEACH

59. ਯੱਕ ਦੈਰੀਦਾ ਦੇ ਸਿਧਾਂਤ ਦਾ ਪ੍ਰਭਾਵ ਕਿਹੜੇ ਪੰਜਾਬੀ ਆਲੋਚਕਾਂ ਉਪਰ ਪਿਆ?

(A) ਹਰਿਭਜਨ ਸਿੰਘ, ਤਰਲੋਕ ਸਿੰਘ ਕੰਵਰ

(B) ਹਰਜੀਤ ਗਿੱਲ, ਅਤਰ ਸਿੰਘ

(C) ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ

(D) ਅਤਰ ਸਿੰਘ, ਕਿਸ਼ਨ ਸਿੰਘ

60. ਸੰਰਚਨਾਵਾਦੀ ਆਲੋਚਨਾ ਪ੍ਰਣਾਲੀ ਦਾ ਮੁੱਖ ਅਧਾਰ ਹੈ?

(A) ਲੇਖਕ ਦੀ ਜੀਵਨੀ ਅਤੇ ਰਚਨਾ

(B) ਰਚਨਾ ਦਾ ਅੰਤਰੀਵੀ ਸੰਗਠਨ ਤੇ ਪ੍ਰਬੰਧ ਚੇਤਨਾ

(C) ਰਚਨਾ ਦਾ ਰੂਪ ਅਤੇ ਪਾਠਕਾਂ ਉੱਤੇ ਪ੍ਰਭਾਵ

(D) ਰਚਨਾ ਦਾ ਸਮਾਜਿਕ ਅਤੇ ਸੱਭਿਆਚਾਰਕ ਸੰਦਰਭ

61. ਸਹੀ ਕ੍ਰਮ ਦੱਸੋ:

(A) ਮਾਰਕਸਵਾਦ, ਰੂਪਵਾਦ, ਸੰਰਚਨਾਵਾਦ, ਉਤਰ ਆਧੁਨਿਕਤਾ

(B) ਰੂਪਵਾਦ, ਮਾਰਕਸਵਾਦ, ਉਤਰ ਆਧੁਨਿਕਤਾ, ਸੰਰਚਨਾਵਾਦ

(C) ਉਤਰ ਆਧੁਨਿਕਤਾ,ਰੂਪਵਾਦ, ਸੰਰਚਨਾਵਾਦ, ਮਾਰਕਸਵਾਦ

(D) ਰੂਪਵਾਦ, ਮਾਰਕਸਵਾਦ, ਸੰਰਚਨਾਵਾਦ, ਉਤਰ ਆਧੁਨਿਕਤਾ

62. ਮਾਰਕਸਵਾਦੀ ਆਲੋਚਨਾ ਪ੍ਰਣਾਲੀ ਦੇ ਵਿਦਵਾਨਾਂ ਦਾ ਸਹੀ ਜੁੱਟ ਹੈ:

(A) ਨਜ਼ਮ ਹੁਸੈਨ ਸੱਯਦ, ਜਸਬੀਰ ਸਿੰਘ ਆਹਲੂਵਾਲੀਆ, ਕੁਲਬੀਰ ਸਿੰਘ ਕਾਂਗ

(B) ਅਤਰ ਸਿੰਘ, ਤਰਲੋਕ ਸਿੰਘ ਕੰਵਰ, ਤੇਜਵੰਤ ਸਿੰਘ ਗਿੱਲ

(C) ਟੀ.ਆਰ. ਵਿਨੋਦ, ਕੇਸਰ ਸਿੰਘ ਕੇਸਰ, ਸੁਤਿੰਦਰ ਸਿੰਘ ਨੂਰ

(D) ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਰਵਿੰਦਰ ਰਵੀ

63. ਸੰਰਚਨਾਵਾਦ ਦਾ ਕਿਸ ਪ੍ਰਣਾਲੀ ਨਾਲ ਨੇੜਲਾ ਸੰਬੰਧ ਹੈ?

(A) ਸਮਾਜ- ਸ਼ਾਸਤਰੀ ਪ੍ਰਣਾਲੀ

(B) ਮਨੋਵਿਗਿਆਨਕ ਪ੍ਰਣਾਲੀ

(C) ਅਰਸਤੂਵਾਦੀ ਪ੍ਰਣਾਲੀ

(D) ਇਤਿਹਾਸਵਾਦੀ ਪ੍ਰਣਾਲੀ

64. ਸੰਰਚਨਾਵਾਦੀ ਅਧਿਐਨ ਪ੍ਰਣਾਲੀ ਦੀ ਮੁੱਖ ਪ੍ਰਵਿਰਤੀ ਹੈ:

(A) ਪਾਠ, ਪ੍ਰਵਚਨ ਤੇ ਵਿਚਾਰਧਾਰਾ

(B) ਪਾਠ , ਸੰਰਚਨਾ ਤੇ ਪ੍ਰਸੰਗ

(C) ਪਾਠ, ਬੁਣਤੀ ਤੇ ਅੰਤਰ-ਪਾਠ

(D) ਪਾਠ , ਵਿਰਚਨਾ ਤੇ ਸੰਚਾਰ

65. ਮਾਰਕਸਵਾਦੀ ਕਾਵਿ-ਸ਼ਾਸਤਰ ਦੀ ਬੁਨਿਆਦ ਹੈ?

(A) ਚਿਹਨ, ਸੰਰਚਨਾ ਅਤੇ ਪ੍ਰਬੰਧ

(B) ਚਿਹਨ , ਵਿਚਾਰਧਾਰਾ ਅਤੇ ਉਸਾਰ

(C) ਦਮਨ, ਵਿਚਾਰਧਾਰਾ ਅਤੇ ਸੰਸਲੇਸ਼ਣ

(D) ਵਿਚਾਰਧਾਰਾ, ਪ੍ਰਤੀਬੱਧਤਾ ਅਤੇ ਸਾਹਿਤ ਪਾਠ

66. ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਹੈ:

(A) ਸਵਰਾਜਬੀਰ

(B) ਅਰਵਿੰਦਰ ਕੌਰ ਜੌਹਲ

(C) ਸੁਰਿੰਦਰ ਤੇਜ

(D) ਬਰਜਿੰਦਰ ਹਮਦਰਦ

67. ਡਾ. ਹਰਿਭਜਨ ਸਿੰਘ ਨੇ ਕਿਸ ਆਲੋਚਨਾ ਪ੍ਰਣਾਲੀ ਨੂੰ ਨਹੀਂ ਵਰਤਿਆ?

(A) ਰੂਪਵਾਦੀ

(B) ਮਾਰਕਸਵਾਦੀ

(C) ਸੰਰਚਨਾਵਾਦੀ

(D) ਚਿਹਨ ਵਿਗਿਆਨਕ

68. ਉੱਤਰ- ਸੰਰਚਨਾਵਾਦੀ ਅਧਿਐਨ ਪ੍ਰਣਾਲੀ ਦਾ ਮੁੱਖ ਸਿਧਾਂਤਕ ਅਧਾਰ ਹੈ:

(A) ਰੂਪਾਕਾਰ ਦੇ ਲੱਛਣਿਕ ਪੱਖਾਂ ਦੀ ਖੋਜ

(B) ਰੂਪਕਾਰਾਂ ਦੇ ਅੰਤਰੰਗ ਸੰਬੰਧ

(C) ਰੂਪਾਕਾਰਾਂ ਦੇ ਵਿਭੇਦਕ ਲੱਛਣ

(D) ਉਪਰੋਕਤ ਵਿੱਚੋਂ ਕੋਈ ਵੀ ਨਹੀਂ

69. ਆਧੁਨਿਕ ਪੰਜਾਬੀ ਸਾਹਿਤ ਅਧਿਐਨ ਖੇਤਰ ਦਾ ਪ੍ਰਮੁੱਖ ਖੋਜਕਾਰ ਹੈ:

(A) ਦੀਵਾਨ ਸਿੰਘ (B) ਰਤਨ ਸਿੰਘ ਜੱਗੀ

(C) ਹਰਿਭਜਨ ਸਿੰਘ

(D) ਸੁਰਿੰਦਰ ਸਿੰਘ ਕੋਹਲੀ

70. ਪੰਜਾਬ ਦੇ ਬਾਜੀਗਰ ਕਬੀਲੇ ਦੁਆਰਾ ਨੱਚੇ ਜਾਂਦੇ ਟਿੱਪਰੀ ਨਾਚ ਦਾ ਦੂਜਾ ਨਾਂ ਹੈ :

(A) ਕਲਾਬਾਜੀ

(B) ਡੰਡਾਸ

(C) ਕਿੱਕਲੀ

(D) ਲੁੱਡੀ

71. ਭੁਪਿੰਦਰ ਖਹਿਰਾ ਨੇ ਮਿਥਿਕ ਕਥਾ/ ਲੋਕ ਕਥਾ ਦੀ ਰੂਪਕੀ ਵੰਡ ਅਧੀਨ ਵਾਸਤਵਿਕ ਰੂਪ ਅਧੀਨ ਕਿਹੜੇ ਰੂਪਾਂ ਨੂੰ ਰੱਖਿਆ ਹੈ?

(A) ਜਨੌਰ ਕਥਾਵਾਂ, ਬਚਨ ਤੇ ਸੁਖਨ

(B) ਦੰਦ ਕਥਾ ਸਾਖੀ, ਜਨੌਰ ਕਥਾਵਾਂ, ਦੇਵ ਕਥਾਵਾਂ

(C) ਲੋਕ ਕਹਾਣੀ, ਪਰੀ ਕਹਾਣੀ, ਪ੍ਰੇਤ ਕਹਾਣੀ

(D) ਬਚਨ, ਸੁਖਨ, ਮਹਾਤਮ

72. ਸੰਗੀਤ ਅਚਾਰੀਆਂ ਦੁਆਰਾ ਕੀਤੀ ਲੋਕ ਸਾਜਾਂ ਦੀ ਵੰਡ ਅਨੁਸਾਰ ਕਿਹੜੇ ਸਾਜ ਤੰਤੀ ਸਾਜਾਂ ਦੀ ਸ਼੍ਰੇਣੀ 'ਚ ਆਉਂਦੇ ਹਨ?

(A) ਬੰਸਰੀ, ਨਗੋਜੇ, ਸ਼ਹਿਨਾਈ, ਸੰਖ

(B) ਛੈਣੇ, ਖੜਤਾਲ, ਮੰਜੀਰੇ, ਘੰਟੇ, ਘੜਿਆਲ

(C) ਸਿਤਾਰ, ਸਰਦ, ਤੂੰਬੀ, ਤਾਨ ਪੁਰਾ, ਵੀਣਾ

(D) ਡਫ, ਤਬਲਾ, ਨਗਾਰਾ, ਢੋਲਕ, ਢੋਲ

73. ਹੇਠ ਲਿਖਿਆਂ ਵਿੱਚੋਂ ਪੰਜਾਬੀ ਦੇ ਕਿਸ ਕਾਵਿ ਰੂਪ ਵਿੱਚ ਵਿਸ਼ੇਸ਼ਣ ਲਾਉਣਾ ਲਾਜ਼ਮੀ ਸ਼ਰਤ ਹੈ?

(A) ਸਿੱਠਣੀ

(B) ਘੋੜੀ

(C) ਹੇਅਰਾ

(D) ਸੁਹਾਗ

74. ਪੰਜਾਬ ਦੀ ਕਿਸ ਲੋਕ ਖੇਡ ਦਾ ਪੁਰਾਣਾ ਨਾਂ ਚਤੁਰੰਗ ਹੈ ?

(A) ਚੌਪੜ

(B) ਬਾਰਾਂ ਬੀਕਰੀ

(C) ਤਾਸ਼

(D) ਬਾਰਾਂ ਟਾਹਣੂ

75. ਪੰਜਾਬ ਦੇ ਕਿਸ ਲੋਕ ਨਾਚ ਨੂੰ ਮੁਹੱਬਤ ਦਾ ਨਾਚ ਮੰਨਿਆ ਜਾਂਦਾ ਹੈ?

(A) ਧਮਾਲ

(B) ਸੰਮੀ

(C) ਲੁੱਡੀ

(D) ਭੰਗੜਾ

76. ਪਿੰਡ ਤੋਂ ਆਫ਼ਤ ਟਾਲਣ ਲਈ ਕੀਤੇ ਜਾਣ ਵਾਲੇ ਟੂਣੇ ਨੂੰ ਕੀ ਕਿਹਾ ਜਾਂਦਾ ਹੈ?

(A) ਝਾੜਾ

(B) ਠਾਕਾ

(C) ਉਤਾਰਾ

(D) ਜਾਦੂ

77. ਫੁਲਕਾਰੀ ਦੀ ਕਿਹੜੀ ਕਿਸਮ ਹਰਿਆਣਾ ਵਿੱਚ ਪ੍ਰਚੱਲਿਤ ਰਹੀ ਹੈ ?

(A) ਨੀਲਕ

(B) ਤਿਲ ਪੱਤਰਾ

(C) ਛਮਾਸ (ਸਹੀ)

(D) ਚੋਪ

78. ਹੇਠ ਲਿਖਿਆਂ 'ਚੋਂ ਕਿਹੜੀ ਚੀਜ਼ ਪੰਜਾਬੀ ਸਭਿਆਚਾਰ 'ਚ ਕੁੜੀ ਨੂੰ ਦਿੱਤੇ ਜਾਣ ਵਾਲੇ ਦਾਜ਼ ਦਾ ਜ਼ਰੂਰੀ ਅੰਗ ਹੁੰਦੀ ਸੀ?

(A) ਚਰਖਾ ਪੀੜਾ

(B) ਸਹੁਰੇ ਪਰਿਵਾਰ ਲਈ ਕੱਪੜਾ ਲੀੜਾ

(C) ਸੋਨੇ ਦਾ ਗਹਿਣਾ

(D) ਘਰ ਦੇ ਕੱਤੇ ਸੂਤ ਦਾ ਮੰਜਾ ਪੀੜੀ

79. ਪੰਜਾਬੀ ਸਭਿਆਚਾਰ ਵਿੱਚ ਤਿਲ ਮੇਥਰੇ ਦੀ ਰਸਮ ਕਦੋਂ ਨਿਭਾਈ ਜਾਂਦੀ ਹੈ ?

(A) ਪਾਣੀ ਵਾਰਨ ਤੋਂ ਬਾਅਦ

(B) ਛੁਆਰਾ ਲਾਉਣ ਵੇਲੇ

(C) ਲਾਵਾਂ ਫੇਰਿਆਂ ਤੋਂ ਬਾਅਦ

(D) ਜੰਞ ਦੇ ਢੁਕਾਅ ਸਮੇਂ

80. ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਕੀਰਨਾ ਦੀ ਸੰਰਚਨਾਤਮਕ ਬਣਤਰ ਸਬੰਧੀ ਸਹੀ ਨਹੀਂ ਹੈ ?

(A) ਕੀਰਨੇ ਦੇ ਸੰਬੋਧਨੀ ਵਿਧੀ ਮੈਂ ਅਤੇ ਤੂੰ ਦੇ ਇਕਹਿਰੇ ਰਿਸ਼ਤੇ ਉੱਤੇ ਕੇਂਦਰਿਤ ਹੁੰਦੀ ਹੈ।

(B) ਕੀਰਨੇ ਵਿਚਲੀ ਤੂੰ ਹਾਂ ਵਾਚਕ ਵਿਸ਼ੇਸ਼ਣੀ ਸੰਬੋਧਨਾਂ ਯੁਕਤ ਹੁੰਦੀ ਹੈ।

(C) ਕੀਰਨੇ ਦਾ ਸੰਬੋਧਨ ਸਿੱਠਣੀ ਤੇ ਹੇਅਰੇ ਵਾਂਗ ਹੀ ਪ੍ਰਤੱਖ ਤੇ ਨਾਟਕੀ ਹੁੰਦਾ ਹੈ।

(D) ਕੀਰਨੇ ਵਿਚਲਾ ਥੀਮ ਟਕਰਾਓ ਤੋਂ ਸ਼ੁਰੂ ਹੋ ਕੇ ਟਕਰਾਓ ਉੱਤੇ ਹੀ ਸਮਾਪਤ ਹੁੰਦਾ ਹੈ।

81. 'ਕਹਾਣੀ ਪੰਜਾਬ' ਹੈ:

(A) ਪੰਜਾਬ ਸੰਕਟ ਨਾਲ ਸੰਬੰਧਤ ਕਹਾਣੀਆਂ ਦਾ ਸੰਗ੍ਰਹਿ

(B) ਕਹਾਣੀ ਮੈਗਜ਼ੀਨ

(C) ਨਿੰਦਰ ਗਿੱਲ ਦਾ ਨਾਵਲ

(D) ਗੁਰਸ਼ਰਨ ਸਿੰਘ ਦਾ ਨਾਟਕ

82. 'ਨਿਆਣ ਮੱਤੀਆਂ' ਅਤੇ 'ਦੂਜੀ ਦੇਹੀ' ਕਿਸ ਲੇਖਕ ਦੀ ਸਵੈਜੀਵਨੀ ਦੇ ਦੋ ਨਾਂ ਹਨ:

(A) ਮਹਿੰਦਰ ਸਿੰਘ ਰੰਧਾਵਾ

(B) ਡਾ. ਬਲਬੀਰ ਸਿੰਘ

(C) ਡਾ. ਹਰਚਰਨ ਸਿੰਘ

(D) ਗੁਰਦਿਆਲ ਸਿੰਘ

83. ਪ੍ਰਿ. ਤੇਜਾ ਸਿੰਘ ਦੀ ਪੰਜਾਬੀ ਗੱਦ ਵਿਚ ਸਭ ਤੋਂ ਵੱਡੀ ਦੇਣ ਹੈ:

(A) ਚੰਗੇ ਸਾਹਿਤ ਦੀ ਰੀਵਿਊਕਾਰੀ

(B) ਨਿਬੰਧਕਾਰੀ

(C) ਗੁਰਬਾਣੀ ਦੀ ਵਿਆਖਿਆ

(D) ਪੁਰਾਤਨ ਪੰਜਾਬੀ ਸਾਹਿਤ ਦੀ ਵਿਆਖਿਆ

84. ਭਾਰਤੀ ਗਿਆਨਪੀਠ ਪੁਰਸਕਾਰ ਦੇ ਸੰਸਥਾਪਕ ਹਨ:

(A) ਬਿਰਲਾ ਫ਼ਾਉਂਡੇਸ਼ਨ

(B) ਸਾਹੂ ਸ਼ਾਂਤੀ ਪ੍ਰਸਾਦ ਜੈਨ

(C) ਸਾਹਿਤ ਅਕਾਦਮੀ ਦਿੱਲੀ

(D) ਭਾਰਤੀ ਸਾਹਿਤ ਅਕਾਦਮੀ

85.  ਸੁਰਜੀਤ ਪਾਤਰ ਨੂੰ ਕਾਵਿ ਸੰਗ੍ਰਹਿ 'ਲਫ਼ਜ਼ਾਂ ਦੀ ਦਰਗਾਹ' ਤੇ ਪੁਰਸਕਾਰ ਮਿਲਿਆ।

(A) ਭਾਰਤੀ ਗਿਆਨਪੀਠ

(B) ਸਰਸਵਤੀ ਪੁਰਸਕਾਰ

(C) ਯੁਵਾ ਪੁਰਸਕਾਰ

(D) ਭਾਰਤੀ ਸਾਹਿਤ ਅਕਾਦਮੀ

86. 'ਜੀਣਾ ਵੀ ਇਕ ਅਦਾ ਹੈ' ਸਵੈਜੀਵਨੀ ਹੈ:

(A) ਦਲੀਪ ਕੌਰ ਟਿਵਾਣਾ

(B) ਅਜੀਤ ਕੌਰ

(C) ਪ੍ਰਭਜੋਤ ਕੌਰ

(D) ਬਚਿੰਤ ਕੌਰ

87.  ਸਵਰਨਜੀਤ ਸਵੀ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।

(A) ਮੈਂ ਅਯਨਘੋਸ਼ ਨਹੀਂ

(B) ਮਨ ਦੀ ਚਿੱਪ

(C) ਸੋਦਰੁ

(D) ਸੇਫਟੀ ਕਿੱਟ

88. 'ਭਾਰਤੀ ਨਿੱਕੀ ਕਹਾਣੀ' ਪੁਸਤਕ ਤੇ ਭਾਰਤੀ ਸਾਹਿਤ ਅਕਾਦਮੀ ਦਾ ਅਨੁਵਾਦ ਪੁਰਸਕਾਰ ਕਿਸ ਨੂੰ ਮਿਲਿਆ ਹੈ:

(A) ਸਤੀਸ਼ ਕੁਮਾਰ ਵਰਮਾ

(B) ਸ਼ਾਹ ਚਮਨ

(C) ਗੁਰਬਖਸ਼ ਸਿੰਘ ਫ਼ਰੈਂਕ

(D) ਗੁਰਬਖਸ਼ ਸਿੰਘ ਪ੍ਰੀਤਲੜੀ

89. ਕਬੀਰ ਸਨਮਾਨ ਤੇ ਸਰਸਵਤੀ ਸਨਮਾਨ ਕਿਸ ਨੂੰ ਮਿਲਿਆ

(A) ਹਰਿਭਜਨ ਸਿੰਘ

(B) ਕਰਤਾਰ ਸਿੰਘ ਦੁੱਗਲ

(C) ਉਪਰੋਕਤ ਦੋਨੋਂ

(D) ਉਪਰੋਕਤ ਦੋਨੋਂ ਨਹੀਂ

90. ਮੋਹਨ ਸਿੰਘ ਨੂੰ ਕਿਹੜੀ ਪੁਸਤਕ ਤੇ ਰੂਸੀ ਪੁਰਸਕਾਰ ਮਿਲਿਆ

(A) ਨਨਕਾਇਣ

(B) ਵੱਡਾ ਵੇਲਾ

(C) ਜੈ ਮੀਰ

(D) ਸਾਵੇ ਪੱਤਰ

91. ਲੋਕ ਗੀਤਾਂ ਦੇ ਪ੍ਰਮੁੱਖ ਖੋਜਕਾਰ ਹਨ

(A) ਦੇਵਿੰਦਰ ਸਤਿਆਰਥੀ-

(B) ਪੰ. ਰਾਮ ਸਰਨ ਦਾਸ

(C) ਸ੍ਰ. ਹਰਜੀਤ ਸਿੰਘ

(D) ਉਪਰੋਕਤ ਸਾਰੇ

92. “ਖੋਜ” ਦਾ ਫ਼ਰਾਂਸੀਸੀ ਅਨੁਵਾਦ ਹੈ

(A) ਸਰਚ

(B) ਰਿਸਰਚ

(C) ਤਲਾਸ਼

(D) ਸਰਚੀਅਰ

93. ਰਿਸਰਚ ਦਾ ਅਰਥ-

(A) ਕਵਿਤਾ ਲਿਖਣੀ

(B) ਨਾਟਕ 'ਚ ਕੰਮ ਕਰਨਾ

(C) ਬਾਰ-ਬਾਰ ਕੀਤੀ ਘੋਖਵੀਂ ਖੋਜ

(D) ਨਾਵਲ ਦੀ ਰਚਨਾ

94. ਤੱਥਾਂ ਦਾ ਸੰਕਲਣ ਹੈ

(A) ਖੋਜ ਦਾ ਪ੍ਰਕਾਰ

(B) ਖੋਜ ਦੇ ਪੜਾਉ

(C) ਖੋਜ ਦਾ ਅਰਥ

(D) ਪ੍ਰਕਾਰਜ

95.“ਤੱਥਾਂ ਦੀ ਵਿਆਖਿਆ" ਖੋਜ ਦਾ ਕਿਹੜੇ ਪੜਾਅ ਦਾ ਦੂਜਾ ਨਾਮ ਹੈ?

(A) ਤੱਥਾਂ ਦੇ ਸੰਕਲਣ

(B) ਤੱਥਾਂ ਦੇ ਵਿਸ਼ਲੇਸ਼ਣ

(C) ਸੂਤਰੀਕਰਣ

(D) ਆਧਾਰ-ਸਮੱਗਰੀ

96. ਮਨੋਵਿਗਿਆਨਕ ਸੰਬੰਧੀ ਖੋਜ ਕਿਸ ਦਾ ਹਿੱਸਾ ਹੈ?

(A) ਮਾਨਵਿਕੀਆ

(B) ਸਮਾਜਿਕ ਵਿਗਿਆਨ

(C) ਪ੍ਰਾਕ੍ਰਿਤਕ

(D) ਜੈਵਿਕ

97. ਖੋਜ ਦਾ ਮੁੱਖ ਕਾਰਜ ਹੈ

(A) ਮਨੁੱਖੀ ਗਿਆਨ ਵਿੱਚ ਵਾਧਾ ਕਰਨਾ

(B) ਭਾਸ਼ਾ ਤੋਂ ਪੂਰੀ ਤਰ੍ਹਾਂ ਜਾਣੂ ਹੋਣਾ

(C) ਖੋਜ ਦੇ ਖੇਤਰ ਵਿੱਚ ਕੰਮ ਕਰਨਾ

(D) ਉਪਰੋਕਤ ਸਾਰੇ

98. ਇਕ ਖੋਜਕਾਰ ਲਈ ਖੋਜ ਦੇ ਲਈ ਕੀ-ਕੀ ਹੋਣਾ ਜ਼ਰੂਰੀ ਹੈ ?

(A) ਨਵੇਂ ਸੰਦ ਘੜਨ ਦੀ ਯੋਗਤਾ

(B) ਨਵੀਂ ਪ੍ਰਵਿਧੀ ਲੱਭਣ ਦੀ ਯੋਗਤਾ

(C) ਨਵੀਂ ਪੱਧਤੀ ਬਣਾਉਣ ਦੀ ਯੋਗਤਾ

(D) ਉਪਰੋਕਤ ਸਾਰੇ

99. ਕਿਸ ਤੋਂ ਬਿਨਾਂ ਖੋਜ ਦਾ ਕਾਰਜ ਸੰਭਵ ਹੈ

(A) ਸੰਦਰਭ ਪੁਸਤਕਾਂ/ਗ੍ਰੰਥ

(B) ਖੇਤਰੀ ਖੋਜ ਦੇ ਸੰਦ

(C) ਪ੍ਰਸ਼ਨਾਵਲੀ

(D) ਉਪਰੋਕਤ ਕੋਈ ਨਹੀਂ

100. ਲੋਕਯਾਨਿਕ ਖੇਤਰ ਦੀ ਖੋਜ ਲਈ ਜ਼ਰੂਰੀ ਚੀਜ਼ ਹੈ

(A) ਸਭਿਆਚਾਰਕ ਪਰਿਵਰਤਨ

(B) ਭੂਗੋਲਿਕ ਤੇ ਇਤਿਹਾਸਕ ਅਧਿਐਨ

(C) ਸਮਾਜ ਸ਼ਾਸਤਰੀ ਅਧਿਐਨ

(D) ਸਾਹਿਤ ਰਚਨਾ